**ਸਰਵੇਸ਼ ਕੌਸ਼ਲ**, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
**Sarvesh Kaushal**, IAS
Principal Secretary to Govt. of Punjab

ਟੈਲੀ/ਫੈਕਸ/Tel./Fax : 0172-2741346
ਈ-ਮੇਲ/E-mail : sarveshkaushal@hotmail.com

ਮੈਂਬਰ ਸਕੱਤਰ,
ਪੰਜਾਬ ਰਾਜ ਮਹਿਲਾ ਕਮਿਸ਼ਨ
ਕਮਰਾ ਨੰ.714, 7ਵੀਂ ਮੰਜਲ, ਮਿਨੀ ਸਕੱਤਰੇਤ ਪੰਜਾਬ,
ਸੈਕਟਰ 9, ਚੰਡੀਗੜ੍ਹ ।
**Member Secretary,**
**Punjab State Commission for Women,**
R.No. 714, 7th Floor, Mini Secretariat Punjab,
Sector 9, Chandigarh.

ਅ.ਸ. ਪੱਤਰ ਨੰ./D.O. No. ਮੈਂ.ਸ./ਪੰ.ਰ.ਮ.ਕ./09/548-550

ਮਿਤੀ/Dated 30-07-2009

ਵਿਸ਼ਾ:- ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਪੰਜਾਬ ਵਿੱਚ ਜ਼ਿਲਾ-ਵਾਰ ਫੀਮੇਲ ਲੀਟਰੇਸੀ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਫੀਮੇਲ ਡਰਾਪ-ਆਊਟ ਰੇਟ ਅਤੇ ਸਬੰਧਤ ਮਸਲਿਆਂ ਬਾਰੇ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਜੀ ਵਲੋਂ ਬਰੀਫਿੰਗ ਬਾਰੇ।

ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਇਕੱਤਰਤਾ ਮਿਤੀ 18-6.2009 ਵਿੱਚ ਇਹ ਫੈਸਲਾ ਕੀਤਾ ਗਿਆ ਹੈ ਕਿ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਮੀਟਿੰਗ ਹਾਲ, 4ਵੀਂ ਮੰਜ਼ਿਲ, ਪੰਜਾਬ ਮਿੰਨੀ ਸਕੱਤਰੇਤ, ਸੈਕਟਰ-9, ਚੰਡੀਗੜ੍ਹ ਵਿਖੇ ਮਿਤੀ 18-8-2009 ਨੂੰ ਸਵੇਰੇ 12-30 ਵਜੇ ਹੇਠ ਲਿਖੇ ਵਿਸ਼ੇ ਤੇ ਪੂਰੀ ਜਾਣਕਾਰੀ ਦੇਣਗੇ:-

(ੳ) <u>ਫੀਮੇਲ ਲੀਟਰੇਸੀ</u>

1. ਜ਼ਿਲਾ-ਵਾਰ ਫੀਮੇਲ ਲੀਟਰੇਸੀ ਬਾਰੇ ਆਂਕੜਾ।
2. ਪੰਜਾਬ ਵਿੱਚ ਫੀਮੇਲ ਲੀਟਰੇਸੀ ਦਾ ਕੁਲ ਹਿੰਦ ਵਿੱਚ ਫੀਮੇਲ ਲੀਟਰੇਸੀ ਨਾਲ ਤੁਲਨਾ।
3. ਫੀਮੇਲ ਲੀਟਰੇਸੀ ਬਾਰੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਸਕੀਮਾਂ ਅਤੇ ਪਿਛਲੇ 2 ਸਾਲਾਂ ਵਿੱਚ ਕੀਤੇ ਗਏ ਜ਼ਿਲਾ-ਵਾਰ ਖਰਚੇ, ਫਿਜ਼ੀਕਲ ਟੀਚੇ ਅਤੇ ਪ੍ਰਾਪਤੀਆਂ।
4. ਪੰਜਾਬ ਵਿੱਚ ਫੀਮੇਲ ਲੀਟਰੇਸੀ ਦਾ ਹੈਡ ਕੁਆਰਟਰ ਅਤੇ ਜ਼ਿਲਿਆਂ ਵਿੱਚ ਕੰਮ ਕਰਨ ਵਾਲੇ ਅਫਸਰਾਂ ਦਾ ਨਾਂ, ਅਹੁੱਦਾ ਅਤੇ ਹੋਰ ਤਫਸੀਲ।
5. ਪੰਜਾਬ ਵਿੱਚ ਫੀਮੇਲ ਲੀਟਰੇਸੀ ਲਈ ਕੰਮ ਕਰਨ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਦੀ ਲਿਸਟ ਅਤੇ ਗੈਰ-ਸਰਕਾਰੀ ਸੰਸਥਾ ਨੂੰ ਕੇਂਦਰ ਅਤੇ ਰਾਜ ਸਰਕਾਰ ਵਲੋਂ ਦਿੱਤੀ ਗਈ ਰਾਸ਼ੀ ਦਾ ਵੇਰਵਾ।
6. ਪੰਜਾਬ ਵਿੱਚ ਫੀਮੇਲ ਲੀਟਰੇਸੀ ਵਿੱਚ ਸੁਧਾਰ ਕਰਨ ਹਿੱਤ ਸਾਲ 2009-10 ਦਾ ਐਕਸ਼ਨ ਪਲਾਨ ਅਤੇ ਵਿੱਤੀ ਸਾਧਨ।

(ਅ) <u>ਫੀਮੇਲ ਡਰਾਪ ਆਊਟ ਰੇਟ</u>

1. (ੳ) ਪਹਿਲੀ ਜਮਾਤ ਵਿੱਚ ਸਰਕਾਰੀ ਸਕੂਲਾਂ ਵਿੱਚ ਫੀਮੇਲ ਦੀ ਗਿਣਤੀ।
   (ਅ) ਪੰਜਵੀ ਜਮਾਤ ਵਿੱਚ ਸਰਕਾਰੀ ਸਕੂਲਾਂ ਵਿੱਚ ਫੀਮੇਲ ਦੀ ਗਿਣਤੀ।
   (ੲ) ਦਸਵੀਂ ਜਮਾਤ ਵਿੱਚ ਸਰਕਾਰੀ ਸਕੂਲਾਂ ਵਿੱਚ ਫੀਮੇਲ ਦੀ ਗਿਣਤੀ।
   (ਸ) 12ਵੀਂ ਜਮਾਤ ਵਿੱਚ ਸਰਕਾਰੀ ਸਕੂਲਾਂ ਵਿੱਚ ਫੀਮੇਲ ਦੀ ਗਿਣਤੀ।

2. ਜ਼ਿਲਾ-ਵਾਰ ਡਰਾਪ ਆਊਟ ਰੇਟ ਦੀ ਤਫਸੀਲ।
3. ਮੇਲ ਅਤੇ ਫੀਮੇਲ ਡਰਾਪ ਆਊਟ ਬਾਰੇ ਤੁਲਨਾ।
4. ਫੀਮੇਲ ਡਰਾਪ ਆਊਟ ਨੂੰ ਘਟਾਉਣ ਸਬੰਧੀ ਪਿਛਲੇ 2 ਸਾਲਾਂ ਵਿੱਚ ਮਹਿਕਮੇ ਵਲੋਂ ਕੀਤੀ ਗਈ ਕਾਰਵਾਈ ਦੀ ਰਿਪੋਰਟ।

5. ਸਾਲ 2009-10 ਵਿੱਚ ਸਰਕਾਰੀ ਸਕੂਲਾਂ ਵਿੱਚ ਫੀਮੇਲ ਡਰਾਪ ਆਊਟ ਸਬੰਧੀ ਸਰਕਾਰ ਵਲੋਂ ਲਏ ਐਕਸ਼ਨ ਅਤੇ ਵਿੱਤੀ ਸਾਧਨਾਂ ਦੀ ਪ੍ਰਾਪਤੀਆਂ ਬਾਰੇ ਰਿਪੋਰਟ।

ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਤਰਫੋਂ ਮੈਂ ਆਪ ਜੀ ਨੂੰ ਸਬੰਧਤ ਪ੍ਰਸ਼ਾਸਕੀ ਸਕੱਤਰ ਜੀ ਨੂੰ ਉਪਰੋਕਤ ਇਕੱਤਰਤਾ ਲਈ ਨਿਸ਼ਚਿਤ ਕੀਤੀ ਗਈ ਮਿਤੀ ਸਮੇਂ ਅਤੇ ਸਥਾਨ ਤੇ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਨਿੱਜੀ ਤੌਰ ਤੇ ਉਪਰੋਕਤ ਜਾਣਕਾਰੀ ਦੇਣ ਅਤੇ ਹੋਰ ਵਿਚਾਰ-ਵਟਾਂਦਰਾ ਕਰਨ ਦੀ ਹਦਾਇਤ ਦੇਣ ਦੀ ਬੇਨਤੀ ਕਰਦਾ ਹਾਂ ਜੀ।

ਦਿੱਤ/-

( ਸਰਵੇਸ਼ ਕੌਸ਼ਲ)

ਸ੍ਰੀ ਐਸ.ਸੀ.ਅਗਰਵਾਲ, ਆਈ.ਏ.ਐਸ
ਮੁਖ ਸਕੱਤਰ, ਪੰਜਾਬ ਸਰਕਾਰ,
ਪੰਜਾਬ ਸਿਵਲ ਸਕੱਤਰੇਤ,ਚੰਡੀਗੜ੍ਹ।

30/7/09

ਪਿਠਅੰਕਣ ਨੰ. ਪ.ਰ.ਮ.ਕ/2009/549 — ਮਿਤੀ, ਚੰਡੀਗੜ੍ਹ 30-07-2009

ਉਪਰੋਕਤ ਦਾ ਇਕ ਉਤਾਰਾ ਸ੍ਰੀ ਜੀ.ਐਸ.ਗਰੇਵਾਲ, ਆਈ.ਏ.ਐਸ. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਜੀ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਮੈਂਬਰ ਸਕੱਤਰ
ਪੰਜਾਬ ਰਾਜ ਮਹਿਲਾ ਕਮਿਸ਼ਨ, ਚੰਡੀਗੜ੍ਹ।

ਪਿਠਅੰਕਣ ਨੰ. ਪ.ਰ.ਮ.ਕ/2009/550 — ਮਿਤੀ, ਚੰਡੀਗੜ੍ਹ 30-07-2009

ਉਪਰੋਕਤ ਦਾ ਇਕ ਉਤਾਰਾ ਬੀਬੀ ਗੁਰਦੇਵ ਕੌਰ ਸੰਘਾ, ਚੇਅਰਪਰਸਨ, ਪੰਜਾਬ ਰਾਜ ਮਹਿਲਾ ਕਮਿਸ਼ਨ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਮੈਂਬਰ ਸਕੱਤਰ
ਪੰਜਾਬ ਰਾਜ ਮਹਿਲਾ ਕਮਿਸ਼ਨ, ਚੰਡੀਗੜ੍ਹ।